# ਪੰਜਾਬੀ ਦੀਆਂ ਹੱਦਾਂ

❋

ਡਾ. ਐਚ. ਸਿੰਘ

❋

ਇਹ ਪੇਪਰ
ਸਤਵੀਂ ਪੰਜਾਬੀ ਭਾਸ਼ਾ ਕਨਵੈਨਸ਼ਨ,
24-1-71 ਅੰਮ੍ਰਿਤਸਰ, ਵਿਖੇ
ਪੜ੍ਹਿਆ ਗਿਆ

❋

ਪੰਜਾਬੀ ਭਾਸ਼ਾ ਕਨਵੈਨਸ਼ਨ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਪਿਆਰੇ ... ... ... ... ... ... ... ... ... ਜੀ,

24-1-71 ਨੂੰ, ਅੰਮ੍ਰਿਤਸਰ ਟਾਊਨ ਹਾਲ ਵਿਖੇ, ਸਤਵੀਂ ਪੰਜਾਬੀ ਭਾਸ਼ਾ ਕਨਵੈਨਸ਼ਨ ਹੋ ਰਹੀ ਹੈ ।

## ਪ੍ਰੋਗਰਾਮ ਇਸ ਪ੍ਰਕਾਰ ਹੈ :

ਪਹਲਾ ਸੈਸ਼ਨ : ੧੦ ਵਜੇ ਸਵੇਰੇ
ਡਾ. ਐਚ. ਸਿੰਘ ਦੇ ਇਸ ਪੇਪਰ ਉਤੇ ਵਿਚਾਰ ਹੋਵੇਗੀ

ਦੂਜਾ ਸੈਸ਼ਨ : ਮਤੇ ਤੇ ਹੋਰ ਵਿਚਾਰਾਂ

ਕ੍ਰਿਪਾ ਕਰਕੇ ਸਮੇਂ ਸਿਰ ਦਰਸ਼ਨ ਦੇ ਕੇ ਮਾਤ ਪੰਜਾਬੀ ਦੀ ਸੇਵਾ ਵਿਚ ਹਿੱਸਾ ਪਾਉਣਾ ।

ਪ੍ਰਧਾਨ — ਕਨਵੀਨਰ
— ਤਿਆਰੀ ਕਮੇਟੀ —
ਸਤਵੀਂ ਪੰ. ਭਾ. ਕਨਵੈਨਸ਼ਨ,
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਦੀਆਂ ਹੱਦਾਂ

ਡਾ. ਐਚ. ਸਿੰਘ

ਦੋਂਹ ਗੁਆਂਢੀ ਭਾਸ਼ਾਵਾਂ ਦੇ ਵਿਚਾਲੇ ਕੋਈ ਬਾਨ੍ਹਵੀਂ ਸੀਮਾ ਨਿਸ਼ਚਿਤ ਕਰਨੀ ਵਿਗਿਆਨਿਕ ਪੱਖ ਤੋਂ ਸੰਭਵ ਨਹੀਂ, ਕਿਉਂਕਿ ਅਜੇਹੀਆਂ ਭਾਸ਼ਾਵਾਂ ਦੇ ਵਿਚਲੇ ਇਲਾਕੇ ਵਿਚ ਅਜੇਹੀ ਭਾਸ਼ਾ ਬੋਲੀ ਜਾਂਦੀ ਹੈ ਜਿਸ ਵਿਚ ਦੋਹਾਂ ਹੀ ਭਾਸ਼ਾਵਾਂ ਦੇ ਕੁਝ ਗੁਣ ਹੁੰਦੇ ਹਨ। ਵਿਸ਼ੇਸ ਸਥਾਨਕ ਕਾਰਨਾਂ ਕਰਕੇ ਕਿਸੇ ਇਕ ਸਥਾਨ ਦੀ ਬੋਲੀ ਵਿਚ ਸੱਜੇ ਪਾਸੇ ਦੀ ਭਾਸ਼ਾ ਦੇ ਲੱਛਣ ਵਧੇਰੇ ਹੋ ਸਕਦੇ ਹਨ, ਤੇ ਕਿਸੇ ਹੋਰ ਥਾਂ ਦੀ ਜ਼ਬਾਨ ਵਿਚ ਖੱਬੇ ਪਾਸੇ ਦੀਆਂ ਵਿਸ਼ੇਸ਼ਤਾਵਾਂ ਕੁਝ ਜ਼ਿਆਦਾ ਮਿਲ ਸਕਦੀਆਂ ਹਨ। ਪਰ ਰਲਾ ਅਵੱਸ਼ ਹੁੰਦਾ ਹੈ, ਨਿਰੋਲ ਸੱਜੀ ਜਾਂ ਖੱਬੀ ਭਾਸ਼ਾ ਦਰਮਿਆਨੀ ਇਲਾਕੇ ਵਿਚ ਨਹੀਂ ਮਿਲ ਸਕਦੀ। ਭਾਵ ਇਹ ਕਿ ਕੋਈ ਅਜੇਹੀ ਲੀਕ ਨਹੀਂ ਖਿੱਚੀ ਜਾ ਸਕਦੀ ਜੀਹਦੇ ਖੱਬੇ ਪਾਸੇ ਖਾਲਿਸ ੳ ਭਾਸ਼ਾ ਬੋਲੀ ਜਾਂਦੀ ਹੋਵੇ ਤੇ ਸੱਜੇ ਪਾਸੇ ਨਿਰੋਲ ਭਾਸ਼ਾ ਵਰਤੀਂਦੀ ਹੋਵੇ। ਅਜੇਹੀ ਬਾਨ੍ਹਵੀਂ ਹੱਦ ਸਿਰਫ ਅਜੇਹੀਆਂ ਬੋਲੀਆਂ ਵਿਚਾਲੇ ਹੋ ਸਕਦੀ ਹੈ, ਜਿਨ੍ਹਾਂ ਦੇ ਦਰਮਿਆਨ ਕੋਈ ਬਹੁਤ ਉੱਚਾ ਪਹਾੜ, ਸੰਘਣਾ ਜੰਗਲ, ਵਿਸ਼ਾਲ ਦਰਿਆ ਆਦਿ ਹੋਣ ਕਰਕੇ ਦੂਹਾਂ ਬੰਨਿਆਂ ਦੀ ਆਬਾਦੀ ਦਾ ਆਪਸੀ ਮੇਲ ਜੋਲ ਮੂਲੋਂ ਹੀ ਨਿਗੂਣਾ ਹੋਵੇ।

ਪਰ ਫੇਰ ਵੀ ਅਸੀਂ ਭਾਸ਼ਾਵਾਂ ਦੀਆਂ ਹੱਦਾਂ ਮੁਕਰਰ ਕਰਦੇ ਹਾਂ। ਜਾਂ ਕਈ ਵਾਰੀ ਅਜੇਹੀ ਹੱਦ ਬੰਦੀ ਕਰਨ ਦੀ ਲੋੜ ਪੈ ਜਾਂਦੀ ਹੈ। ਅਜੇਹੀ ਹਾਲਤ



Sri Satguru Jagjit Singh Ji eLibrary NamdhariElibrary@gmail.com

ਵਿਚ ਜੇ ਹੱਦ ਬੰਦੀ ਵਿਗਿਆਨਿਕ ਆਧਾਰ ਤੇ ਕੀਤੀ ਜਾਵੇ ਤਾਂ ਆਮ ਅਸੂਲ ਇਹ ਹੁੰਦਾ ਹੈ ਕਿ ਦੁਹਾਂ ਗੁਆਂਢੀ ਭਾਸ਼ਾਵਾਂ ਦੇ ਉਘੇ ਲੱਛਣ ਚੁਣ ਲਏ ਜਾਂਦੇ, ਹਨ ਜਿਹੜੇ ਸਾਂਝੇ ਨ ਹੋਣ। ਫੇਰ ਜਿਥੋਂ ਤਕ ੳ ਭਾਸ਼ਾ ਦੇ ਉਘੇ ਲੱਛਣਾਂ ਦੀ ਬਹੁਲਤਾ ਮਿਲੇ, ਓਥੋਂ ਤਕ ੳ ਭਾਸ਼ਾ ਬੋਲੀਦੀ ਮੰਨੀ ਜਾਏਗੀ, ਉਸ ਤੋਂ ਪਰੇ ਅ ਭਾਸ਼ਾ। ਅਜੇਹੀ ਹੱਦ ਨੂੰ ਵਿਗਿਆਨਿਕ ਸੀਮਾ ਕਿਹਾ ਜਾ ਸਕਦਾ ਹੈ।

ਪਰ ਕਈ ਵਾਰੀ ਇਤਿਹਾਸਿਕ ਕਾਰਨਾਂ ਕਰਕੇ ਅਜੇਹੀ ਹਾਲਤ ਪੈਦਾ ਹੋ ਜਾਂਦੀ ਹੈ ਕਿ ਭਾਸ਼ਾਵਾਂ ਵਿਚਾਲੇ ਕੰਧ ਮਾਰਵੀਂ ਹੱਦ ਵੀ ਬਣ ਜਾਂਦੀ ਹੈ। ਜਦੋਂ ਕਿਸੇ ਇਕ ਇਲਾਕੇ ਦੀ ਵਸੋਂ ਦਾ ਬਹੁਤ ਵੱਡਾ ਹਿੱਸਾ ਕਿਸੇ ਹੋਰ ਖੇਤਰ ਵਿਚ ਇਕੱਠਾ ਜਾ ਕੇ ਵੱਸ ਜਾਵੇ, ਉਦੋਂ ਇਹਨਾਂ ਨਵੇਂ ਵਸਨੀਕਾਂ ਦੀ ਬੋਲੀ ਤੇ ਪੁਰਾਣੇ ਬਾਸ਼ਿੰਦਿਆਂ ਦੀ ਜ਼ਬਾਨ ਵਿਚਾਲੇ ਸਪਸ਼ਟ ਹੱਦ ਮੌਜੂਦ ਹੁੰਦੀ ਹੈ। ਹਰਿਆਣੇ ਦੇ ਕਈਆਂ ਇਲਾਕਿਆਂ ਵਿਚ ਪੰਜਾਬੀ ਤੇ ਬਾਂਗਰੂ ਦੇ ਦਰਮਿਆਨ ਅਜੇਹੀ ਹੱਦ ਵੀ ਜ਼ਰੂਰ ਹੈ। ਅਜੇਹੀ ਹੱਦ ਨੂੰ ਅਸੀਂ ਉਘੜਵੀਂ ਹੱਦ ਜਾਂ ਸਪਸ਼ਟ ਸੀਮਾ ਕਹਿ ਸਕਦਾ ਹਾਂ।

ਪੰਜਾਬੀ ਦੀਆਂ ਹੱਦਾਂ ਨਿਸ਼ਚਿਤ ਕਰਨ ਤੋਂ ਪਹਿਲਾਂ ਅਸੀਂ ਪੰਜਾਬੀ ਦੇ ਉਹਨਾਂ ਉਘੇ ਲੱਛਣਾਂ ਬਾਰੇ ਵਿਚਾਰ ਕਰਦੇ ਹਾਂ ਜਿਨ੍ਹਾਂ ਦੇ ਆਧਾਰ ਤੇ ਅਸੀਂ ਪੰਜਾਬੀ ਨੂੰ ਗੁਆਂਢੀ ਭਾਸ਼ਾਵਾਂ ਨਾਲੋਂ ਨਿਖੇੜ ਸਕਦੇ ਹਾਂ।

1. ਪੰਜਾਬੀ ਦੀ ਇਕ ਬੜੀ ਨਿਖਰਵੀਂ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਟੋਨ ਅਥਵਾ ਸੁਰ ਦੀ ਵਰਤੋਂ ਹੁੰਦੀ ਹੈ। ਅਸੀਂ ਲਿਖਦੇ 'ਬਾਹਿਰ' ਹਾਂ ਪਰ ਬੋਲਦੇ ਬਾ/ਰ ਹਾਂ। 'ਹ' ਦੀ ਧੁਨੀ ਦਾ ਉਚਾਰਨ ਨਹੀਂ ਹੁੰਦਾ ਇਹਦੇ ਥਾਂ ਸਿਰਫ ਇਕ ਸਾਹ ਦਾ ਧੱਕਾ ਜਿਹਾ ਵਜਦਾ ਹੈ, ਜਿਸ ਨੂੰ ਸੁਰ ਕਿਹਾ ਜਾਂਦਾ ਹੈ। ਇਵੇਂ ਹੀ ਚਾਹ, ਰਾਹ, ਬਹਿ, ਕਹਿ, ਜ਼ਹਿਰ, ਪਹਿਰ ਆਦਿ ਸ਼ਬਦਾਂ ਵਿਚ ਨਵੀਂ ਸੁਰ ਉਚਾਰੀ ਜਾਂਦੀ ਹੈ। ਪੰਜਾਬੀ ਵਿਚ ਤਿੰਨ ਪ੍ਰਕਾਰ ਦੀ ਸੁਰ ਹੈ, ਜਿਨ੍ਹਾਂ ਵਿਚੋਂ ਵਧੇਰੇ ਉਘੜਵੀਂ ਇਹੋ ਹੈ, ਜਿਸ ਨੂੰ 'ਉੱਚੀ ਸੁਰ' ਦਾ ਨਾਮ ਦਿਤਾ ਜਾਂਦਾ ਹੈ।

ਸੁਰ ਪੰਜਾਬੀ ਦੀਆਂ ਸਾਰੀਆਂ ਉਪ ਭਾਸ਼ਾਵਾਂ ਵਿਚ ਉਚਾਰੀ ਜਾਂਦੀ ਹੈ,



Sri Satguru Jagjit Singh Ji eLibrary NamdhariElibrary@gmail.com

ਡੋਗਰੀ ਅਰਥਾਤ ਜੰਮੂ ਦੀ ਬੋਲੀ ਵਿਚ ਸਭ ਤੋਂ ਵਧੇਰੇ ਤੇ ਲਹਿੰਦੀ ਵਿਚ ਸਭ ਤੋਂ ਘੱਟ, ਪਰ ਮਿਲਦੀ ਅਵੱਸ਼ ਹੈ।

2. ਪੰਜਾਬੀ ਦਾ ਇਕ ਹੋਰ ਪਛਾਣ-ਚਿੰਨ੍ਹ ਪਹਿਲੇ ਪੁਰਖ ਤੇ ਦੂਜੇ ਪੁਰਖ ਦੇ ਬਹੁਵਚਨ ਪੜਨਾਵਾਂ ਦਾ ਰੂਪ – ਅਸੀਂ, ਤੁਸੀਂ – ਹੈ। ਇਸ ਵਿਚ ਵਿਸ਼ੇਸ਼ ਧੁਨੀ 'ਸ' ਹੈ, ਜਦੋਂ ਕਿ ਵਧੇਰੇ ਭਾਰਤੀ – ਆਰੀਆਂ ਭਾਸ਼ਾਵਾਂ ਵਿਚ ਵਿਸ਼ੇਸ਼ ਧੁਨੀ 'ਮ' ਹੈ—ਹਿੰਦੀ—ਹਮ, ਤੁਮ, ਮਰਾਠੀ ਅੰਮ੍ਹੀ, ਬੰਗਾਲੀ-ਆਮ੍ਹਰਾ—ਤੁਮਰਾ ਆਦਿ। (ਸਿਰਫ ਸਿੰਧੀ ਵਿਚ ਅਸੀਂ ਮਿਲਦਾ ਹੈ)।

ਪੰਜਾਬੀ ਦੀਆਂ ਸਾਰੀਆਂ ਉਪ ਭਾਸ਼ਾਵਾਂ ਵਿਚ 'ਸ' ਵਾਲਾ ਰੂਪ ਮਿਲਦਾ ਹੈ।

3. ਸੰਬੰਧ ਕਾਰਕ ਦੇ ਸੰਬੰਧਕ ਦਾ ਰੂਪ 'ਦਾ, ਦੇ, ਦੀ ਦੀਆਂ' ਵੀ ਇਕ ਉੱਘਾ ਲੱਛਣ ਹੈ। ਲਾਗਦੀਆਂ ਭਾਸ਼ਾਵਾਂ ਵਿਚ 'ਕ' ਵਾਲਾ ਰੂਪ ਹੈ – ਕਾ, ਕੇ, ਕੀ ਜਾਂ ਫਿਰ ਕੋ ਜਾਂ ਕੌ। ਇਸ ਸੰਬੰਧਕ ਦੇ ਇਹ ਚਾਰੇ ਰੂਪ ਵੀ ਏਵੇਂ ਦੇ ਏਵੇਂ ਪੰਜਾਬੀ ਦੀਆਂ ਸਾਰੀਆਂ ਉਪ ਭਾਸ਼ਾਵਾਂ ਵਿਚ ਮੌਜੂਦ ਹਨ।

4. ਪੰਜਾਬੀ ਦੇ ਵਰਤਮਾਨ ਕਿਰਦੰਤ ਦਾ ਰੂਪ ਵੀ ਇਕ ਵਿਲਖਣਤਾ ਹੈ। ਇਸ ਦਾ ਪਿਛੇਤਰ (ਇਕ ਵਚਨ ਪੁਲਿੰਗ ਵਿਚ) – ਦਾ ਹੈ, ਜਿਵੇਂ ਕਰਦਾ, ਲਿਖਦਾ, ਜਾਂਦਾ, ਖਾਂਦਾ ਆਦਿ ਵਿਚ। ਬਾਂਗਰੂ, ਖੜੀ ਬੋਲੀ ਆਦਿ ਵਿਚ ਇਹ ਰੂਪ – ਤਾ – ਅੰਤਕ ਹੈ – ਕਰਤਾ, ਲਿਖਤਾ ਆਦਿ, ਤੇ ਰਾਜਸਥਾਨੀ ਵਿਚ ਵਧੇਰੇ – ਤੋ – ਅੰਤਿਕ – ਕਰਤੋ, ਲਿਖਤੋ ਆਦਿ।

5. ਪੰਜਾਬੀ ਦੇ ਭੂਤ ਕਿਰਦੰਤ ਦਾ ਨਿਯਮਿਤ ਪਿਛੇਤਰ – ਇਆ ਹੈ, ਜਿਵੇਂ, 'ਲਿਖਿਆ, ਪੜ੍ਹਿਆ, ਰਖਿਆ' ਆਦਿ ਵਿਚ। ਬਾਂਗਰੂ, ਖੜੀ ਬੋਲੀ ਵਿਚ ਇਹ ਕਿਰਦੰਤ-ਆ-ਅੰਤਿਕ ਹੈ, ਜਿਵੇਂ 'ਲਿਖਾ, ਰਖਾ,' ਆਦਿ, ਤੇ ਰਾਜਸ-ਥਾਨੀ ਵਿਚ ਵਧੇਰੇ – ਉ – ਅੰਤਕ – 'ਲਿਖੋ, ਰਖੋ ਆਦਿ।

ਇਹਨਾਂ ਦੋਂਹ ਕਿਰਦੰਤਾਂ ਦਾ ਨਾਮ ਖਾਸ ਕਰਕੇ ਇਸ ਲਈ ਲਿਆ ਗਿਆ ਹੈ ਕਿ ਪੰਜਾਬੀ, ਹਿੰਦੀ, ਰਾਜਸਥਾਨੀ ਆਦਿ ਵਿਚ 80% ਤੋਂ ਵਧੇਰੇ ਕਿਰਿਆ ਰੂਪ ਇਹਨਾਂ ਦੋਂਹ ਕਿਰਦੰਤਾਂ ਨਾਲ ਹੀ ਬਣਦੇ ਹਨ, ਜਿਵੇਂ



Sri Satguru Jagjit Singh Ji eLibrary NamdhariElibrary@gmail.com

'ਰਖਦਾ, ਰਖਦਾ ਸੀ, ਰਖਦਾ ਹੈ, ਰਖਦਾ ਹੋਵੇ, ਰਖਦਾ ਹੋਊ, ਰਖਦਾ ਹੁੰਦਾ' ਅਤੇ 'ਰਖਿਆ, ਰਖਿਆ ਸੀ, ਰਖਿਆ ਹੈ, ਰਖਿਆ ਹੋਊ, ਰਖਿਆ ਹੁੰਦਾ' ਆਦਿ।

6. ਪੰਜਾਬੀ ਦਾ ਇਕ ਹੋਰ ਉੱਘਾ ਲੱਛਣ ਅਮਿਤ ਕਿਰਿਆ (infinitive) ਦਾ ਰੂਪ ਹੈ, ਜਿਸ ਵਿਚ ਵਿਸ਼ੇਸ਼ ਧੁਨੀ ਣ ਹੈ – 'ਲਿਖਣਾ, ਰਖਣਾ, ਆਉਣਾ, ਜਾਣਾ ਆਦਿ ਵਿਚ। ਸਿਰਫ ਰ, ੜ, ਲ ਤੇ ਣ ਪਿਛੋਂ 'ਨ' ਆਉਂਦਾ ਹੈ। ਪਰ ਹਿੰਦੀ — ਰਾਜਸਥਾਨੀ ਆਦਿ ਵਿਚ ਹਰ ਥਾਂ 'ਨ' ਹੀ ਆਉਂਦਾ ਹੈ — 'ਰਖਨਾ, ਲਿਖਨਾ, ਆਨਾ, ਜਾਨਾ' ਆਦਿ।

ਪੰਜਾਬੀ ਵਿਚ 'ਣ' ਦੀ ਵਰਤੋਂ ਹਿੰਦੀ, ਰਾਜਸਥਾਨੀ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਹੋਰ ਵੀ ਅਨੇਕਾਂ ਸ਼ਬਦ ਹਨ, ਜਿਨ੍ਹਾਂ ਵਿਚ ਪੰਜਾਬੀ 'ਣ' ਵਰਤਦੀ ਹੈ, ਹਿੰਦੀ, ਰਾਜਸਥਾਨੀ ਆਦਿ 'ਨ' – ਜਿਵੇਂ ਪੰਜਾਬੀ 'ਪਾਣੀ, ਸਣ, ਮਣ, ਸੁਣ ਆਦਿ ਲਈ ਹਿੰਦੀ ਵਿਚ ਕ੍ਰਮਵਾਰ 'ਪਾਨੀ, ਸਨ, ਮਨ, ਸੁਨ' ਆਦਿ ਬੋਲਿਆ ਜਾਂਦਾ ਹੈ।

7. ਪੰਜਾਬੀ ਦੇ ਸ਼ਬਦ – 'ਹੱਥ, ਕੰਨ, ਚੰਮ, ਲੱਮ, ਅੱਖ, ਗੱਡ, ਕੱਟ, ਵਿੱਚ, ਖਿੱਚ, ਕੁੱਟ, ਘੁੱਟ, ਪੁੱਤ' ਆਦਿ ਵੀ ਪੰਜਾਬੀ ਦੇ ਪਿਛਾਣ ਚਿੰਨ੍ਹ ਦਾ ਕੰਮ ਦਿੰਦੇ ਹਨ। ਜਿਥੇ ਪੰਜਾਬੀ ਵਿਚ ਇਹਨਾਂ ਸ਼ਬਦਾਂ ਦੇ ਵਿਚਾਲੇ ਬਲਯੁਕਤ ਹ੍ਰਸਵ ਸ੍ਵਰ (stressed short vowel) ਹੈ, ਉਥੇ ਗੁਆਂਢੀ ਭਾਸ਼ਾਵਾਂ ਵਿਚ ਵਿਚਾਲੇ ਦਾ ਸ੍ਵਰ ਦੀਰਘ ਅਤੇ ਬਿਨਾ ਦਬਾ ਦੇ ਹੈ। ਜਿਵੇਂ 'ਹਾਥ, ਕਾਨ, ਬੀਚ, ਘੂੰਟ' ਆਦਿ ਵਿਚ।

ਪਿਛੇ ਦੱਸੇ ਗਏ ਹਦਬੰਦੀ ਸਬੰਧੀ ਸਿਧਾਂਤਾਂ ਨੂੰ ਸਾਂਹਵੇਂ ਰਖਕੇ ਤੇ ਪੰਜਾਬੀ ਦੇ ਉਘੇ ਲੱਛਣਾਂ ਦੇ ਆਧਾਰ ਤੇ ਹੁਣ ਅਸੀਂ ਪੰਜਾਬੀ ਦੀਆਂ ਹੱਦਾਂ ਬਾਰੇ ਵਿਚਾਰ ਕਰਦੇ ਹਾਂ।



Sri Satguru Jagjit Singh Ji eLibrary NamdhariElibrary@gmail.com

# ਹਰਿਆਣੇ ਵਿਚ ਪੰਜਾਬੀ ਬੋਲਦੇ ਇਲਾਕੇ

ਹਰਿਆਣੇ ਦੇ ਤਿੰਨਾਂ ਜ਼ਿਲਿਆਂ— ਹਿਸਾਰ, ਅੰਬਾਲਾ ਤੇ ਕਰਨਾਲ ਦੇ ਪੰਜਾਬ ਦੀ ਹੱਦ ਨਾਲ ਲਗਦੇ ਚੰਗੇ ਖੁਲੇ ਇਲਾਕੇ ਵਿਚ ਪੰਜਾਬੀ ਬੋਲੀ ਜਾਂਦੀ ਹੈ। ਇਹਨਾਂ ਇਲਾਕਿਆਂ ਦਾ ਜ਼ਿਲਾ ਵਾਰ ਵੇਰਵਾ ਇੰਞ ਹੈ :

ਜ਼ਿਲਾ ਹਿਸਾਰ ਦੀ ਤਸੀਲ ਹਿਸਾਰ ਦੇ ਟੁਹਾਣਾ ਬਲਾਕ ਵਿਚ ਕੁਲ 84 ਪਿੰਡ ਹਨ। ਇਹਨਾਂ ਵਿਚੋਂ ਸਿਰਫ ਦਸਾਂ ਪਿੰਡਾਂ ਦੇ ਪੁਰਾਣੇ ਵਸਨੀਕ ਬਾਂਗਰੂ ਬੋਲਦੇ ਹਨ। ਬਾਕੀ 74 ਪਿੰਡਾਂ ਵਿਚੋਂ 15 ਪਿੰਡਾਂ ਵਿਚ ਮਲਵਈ ਬੋਲਣ ਵਾਲੇ ਜੱਟ ਸਿਖ ਵਸਦੇ ਹਨ ਜੋ ਇਹਨਾਂ ਪਿੰਡਾਂ ਦੇ ਪੁਰਾਣੇ ਵਸਨੀਕ ਹਨ। ਹੋਰ ਸਾਰੇ ਪਿੰਡਾਂ ਵਿਚ ਪਛਮੀ ਪੰਜਾਬ ਤੋਂ ਆਏ ਲੋਕ ਆਬਾਦ ਹੋਏ ਹਨ। ਇਹਨਾਂ ਵਿਚ ਭਾਰੀ ਬਹੁ ਗਿਣਤੀ ਜੱਟ ਸਿਖਾਂ ਦੀ ਹੈ।

ਤਸੀਲ ਫਤਹਆਬਾਦ ਦੇ ਕੋਈ 60% ਪਿੰਡ ਪੰਜਾਬੀ ਬੋਲਦੇ ਹਨ। ਇਸ ਤਸੀਲ ਦੇ ਰਤੀਆ ਬਲਾਕ ਵਿਚ 78 ਪਿੰਡ ਹਨ ਜਿੰਨਾ ਵਿਚੋਂ ਸਿਰਫ 6 ਬਾਂਗਰੂ ਬੋਲਣ ਵਾਲੇ ਹਨ। ਬਾਕੀਆਂ ਵਿਚੋਂ 5 ਪਿੰਡ ਪੁਰਾਣੇ ਆਬਾਦ ਜੱਟਾਂ ਸਿਖਾਂ ਦੇ ਹਨ ਜਿੰਨਾਂ ਦੀ ਬੋਲੀ ਮਲਵਈ ਹੈ। ਹੋਰਨਾਂ ਪਿੰਡਾਂ ਵਿਚ ਪਾਕਿਸਤਾਨ ਵਿਚੋਂ ਆਏ ਲੋਕਾਂ ਦੀ ਆਬਾਦੀ ਹੈ। ਵਧੇਰੇ ਗਿਣਤੀ ਮੁਲਤਾਨ ਦੀ ਨਹਿਰੀ ਆਬਾਦੀ ਵਿਚੋਂ ਆਏ ਜੱਟਾਂ ਸਿਖਾਂ ਦੀ ਹੈ। ਕੁਝ ਲੋਕ ਲਾਇਲਪੁਰ, ਮਿੰਟਗੁਮਰੀ ਵਿਚੋਂ ਵੀ ਆਏ ਹਨ। ਇਹ ਸਾਰੇ ਪੂਰਬੀ ਪੰਜਾਬ ਵਿਚੋਂ ਹੀ ਵੀਹਵੀਂ ਸਦੀ ਦੇ ਪਹਿਲੇ ਦੋਂਹ ਦਹਾਕਿਆਂ ਵਿਚ ਜਾ ਕੇ ਬਾਰਾਂ ਵਿਚ ਵੱਸੇ ਸਨ। ਤਸੀਲ ਫਤਹ ਆਬਾਦ ਵਿਚ ਲਹਿੰਦੀ ਬੋਲਣ ਵਾਲੇ ਹਿੰਦੂ ਸ਼ਰਨਾਰਥੀਆਂ ਦੀ ਵੀ ਕੁਝ ਵੱਸੋਂ ਹੈ। ਤਸੀਲ ਸਰਸਾ ਦੀ ਕੋਈ ਦੋ ਤਿਹਾਈ ਆਬਾਦੀ ਪੰਜਾਬੀ ਬੋਲਦੀ ਹੈ। ਚੋਖੇ ਪਿੰਡ ਮਲਵਈ ਬੋਲਣ ਵਾਲੇ ਪੁਰਾਣੇ ਵਸਨੀਕਾਂ ਦੇ ਹਨ, ਪਰ ਪੰਜਾਬੀ ਬੋਲਣ ਵਾਲੀ ਵਸੋਂ ਦਾ ਵਡੇਰਾ ਹਿੱਸਾ ਸ਼ਰਨਾਰਥੀਆਂ ਦਾ ਹੈ।

ਇਸ ਜ਼ਿਲੇ ਵਿਚ ਪੰਜਾਬੀ ਤੇ ਬਾਂਗਰੂ ਦੀ ਹੱਦ ਬੜੀ ਸਪਸ਼ਟ ਹੈ। ਫਾਜ਼ਿਲਕਾ ਤੋਂ ਸਿਰਸਾ ਜਾਣ ਵਾਲੀ ਇਕ ਸੜਕ ਲੋਹਗੜ੍ਹ, ਗੁਰੂਸਰ, ਬਿਜੂਵਾਲੀ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਦੀ ਲੰਘਦੀ ਹੈ। ਜੇ ਇਸ ਸੜਕ ਤੇ ਡਬਵਾਲੀ ਤੋਂ ਚਲਕੇ ਸਿਰਸਾ, ਫਤਹ ਆਬਾਦ, ਭੂਨਾ, ਟੁਹਾਣਾ ਜਾਈਏ ਤਾਂ ਖੱਬੇ ਹੱਥ ਵੱਲ ਦਾ ਪੂਰਾ ਇਲਾਕਾ ਪੰਜਾਬੀ ਬੋਲਦਾ ਹੈ। ਡਬਵਾਲੀ, ਸਿਰਸਾ, ਫਤਹਆਬਾਦ ਤਿੰਨਾਂ ਸ਼ਹਿਰਾਂ ਵਿਚ ਭਾਰੀ ਬਹੁਤ ਗਿਣਤੀ ਪੰਜਾਬੀ ਬੋਲਣ ਵਾਲਿਆਂ ਦੀ ਹੈ। ਭੂਨੇ ਤੇ ਟੁਹਾਣੇ ਵਿਚ ਬਾਂਗਰੂ – ਪੰਜਾਬੀ ਬਰਾਬਰ – ਬਰਾਬਰ ਹੋਣਗੀਆਂ। ਇੰਞ ਇਸ ਸੜਕ ਨੂੰ ਮੋਟੇ ਤੌਰ ਤੇ ਸਪਸ਼ਟ ਸੀਮਾਂ ਮੰਨਿਆਂ ਜਾ ਸਕਦਾ ਹੈ। ਪਰ ਇਸ ਦੇ ਸੱਜੇ ਹੱਥ ਵੀ ਪੰਜਾਬੀ ਸ਼ਰਨਾਰਥੀਆਂ ਦੇ ਕਈ ਪਿੰਡ ਹਨ। ਤਸੀਲ ਸਿਰਸਾ ਵਿਚ ਨਾਮਧਾਰੀ ਸਿੱਖਾਂ ਦੇ ਪਿੰਡ ਸੱਜੇ ਹੱਥ ਪੈਂਦੇ ਹਨ । ਤਸੀਲ ਫਤਹਆਬਾਦ ਵਿਚ ਬੀਗੜ ਸ਼ਰਨਾਰਥੀਆਂ ਦਾ ਬੜਾ ਵੱਡਾ ਪਿੰਡ ਹੈ ਜੋ ਸੜਕੋਂ ਸੱਜੇ ਹੱਥ ਕੋਈ 4 ਮੀਲ ਦੂਰ ਹੈ।

ਜ਼ਿਲਾ ਕਰਨਾਲ ਵਿਚ ਕੁਝ ਪਿੰਡ ਪੁਆਧੀ ਬੋਲਣ ਵਾਲੇ ਪੁਰਾਣੇ ਵਸਨੀਕਾਂ ਦੇ ਹਨ, ਪਰ ਪੰਜਾਬੀ ਬੋਲਦੀ ਵੱਸੋਂ ਦਾ ਬਹੁਤ ਵੱਡਾ ਭਾਗ ਸ਼ਰਨਾਰਥੀਆਂ ਦਾ ਹੈ। ਏਸ ਜ਼ਿਲੇ ਦੀ ਪੁਜ਼ੀਸ਼ਨ ਹਿਸਾਰ ਨਾਲੋਂ ਕੁਝ ਫਰਕ ਵਾਲੀ ਹੈ। ਜਿੱਥੇ ਹਿਸਾਰ ਵਿਚ ਪੰਜਾਬੀ ਬਹੁ ਗਿਣਤੀ ਵਾਲੇ ਚੱਕ ਵਿਚ ਬਾਂਗਰੂ ਵੱਸੋਂ ਬਿਲਕੁਲ ਨਿਗੂਣੀ ਹੈ, ਉਥੇ ਕਰਨਾਲ ਵਿਚ ਪੁਰਾਣੇ ਬਾਂਗਰੂ ਬੋਲਣ ਵਾਲੇ ਪਿੰਡ ਵੀ ਵਿਚ–ਵਿਚ ਚੋਖੇ ਹਨ। ਸਿਰਫ ਗੂਹਲਾ ਸਬ ਤਸੀਲ ਵਿਚ ਪੰਜਾਬੀ ਬੋਲਣ ਵਾਲੇ ਪਿੰਡਾਂ ਦੀ ਭਾਰੀ ਬਹੁ ਗਿਣਤੀ ਹੈ। ਹੋਰ ਇਲਾਕੇ ਜਿੰਨਾਂ ਵਿਚ ਪੰਜਾਬੀ ਪਿੰਡ ਬਹੁ ਗਿਣਤੀ ਵਿਚ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਤਸੀਲ ਥਾਨੇਸਰ ਵਿਚ ਸ਼ਰੀਫਗੜ੍ਹ, ਸਨੌਰੀ, ਸੀਰਪੁਰ, ਗੋਗਪੁਰ, ਲਖਮੜੀ ਠਸਕਾਮੀਰਾਂ ਜੀ, ਮਲਕ ਪੁਰ, ਕੁਭਾਰ, ਮਾਜਰਾ, ਛੱਜੂਪੁਰ, ਲੋਟਣੀ ਆਦਿ ਪੰਜਾਬੀ ਬੋਲਣ ਵਾਲੇ ਕੁਝ ਉਘੇ ਪਿੰਡ ਹਨ। ਇਹਨਾਂ ਦੇ ਲਾਗ–ਲਾਗ ਦੇ ਇਲਾਕੇ ਨੂੰ ਪੰਜਾਬੀ ਬਹੁ ਗਿਣਤੀ ਵਾਲਾ ਖੇਤਰ ਹੀ ਮੰਨਣਾ ਪਵੇਗਾ, ਭਾਵੇਂ ਵਿਚ ਬਾਂਗਰੂ ਪਿੰਡ ਵੀ ਮਿਲਦੇ ਹਨ। ਸ਼ਾਹਆਬਾਦ ਮਾਰਕੰਡੇ ਦੀ ਪੂਰੀ ਵੱਸੋਂ ਪੰਜਾਬੀ ਬੋਲਦੀ ਹੈ। ਏਥੇ ਹੋਰ ਪੰਜਾਬੀ ਵਾਲੇ ਪਿੰਡ ਗੋਰੀਪੁਰ, ਬੇਹੀਪੁਰ, ਮਾਮੂ ਮਾਜਰਾ, ਕਲਿਆਣਾ, ਸੁਲਖਣੀ ਆਦਿ ਹਨ। ਇਹਨਾਂ ਪਿੰਡਾਂ ਵਿਚ ਵਧੇਰੇ



Sri Satguru Jagjit Singh Ji eLibrary NamdhariElibrary@gmail.com

ਆਬਾਦੀ ਮੁਲਤਾਨ ਦੇ ਨਹਿਰੀ ਇਲਾਕੇ ਵਿਚੋਂ ਆਏ ਲੋਕਾਂ ਦੀ ਹੈ।

ਜ਼ਿਲ੍ਹਾ ਲਾਹੌਰ ਵਿਚੋਂ ਆਏ ਕੰਬੋ ਸਿਖਾਂ ਦੀ ਵੀ ਇਸ ਤਸੀਲ ਵਿਚ ਚੋਖੀ ਆਬਾਦੀ ਹੈ। ਮੋਹਣਪੁਰ, ਮਦਨਪੁਰ, ਗਾਊ ਮਾਜਰਾ, ਪੋਖਰ ਮਾਜਰਾ, ਮੱਧੀਪੁਰ, ਜੌਨਪੁਰ, ਕਲਸਾਨੀ, ਕਲਸਾਨਾ ਆਦਿ ਕੰਬੋ ਸਿਖਾਂ ਦੇ ਪਿੰਡ ਹਨ। ਸਬ ਤਸੀਲ ਗੂਹਲਾ ਤੋਂ ਇਲਾਵਾ ਤਸੀਲ ਕੈਂਥਲ ਵਿਚ ਪੰਜਾਬੀ ਬੋਲਣ ਵਾਲਾ ਹੋਰ ਇਲਾਕਾ ਵੀ ਕਾਫੀ ਹੈ। ਇਸ ਪਾਸੇ ਵਧੇਰੇ ਲੋਕ ਗੁਜਰਾਂਵਾਲਾ, ਸ਼ੇਖੂਪੁਰਾ ਵਿਚੋਂ ਆ ਕੇ ਵੱਸੇ ਹਨ। ਲਬਾਣੇ ਸਿਖਾਂ ਦੇ ਏਥੇ ਕਾਫੀ ਪਿੰਡ ਹਨ। ਜੱਟਾਂ ਸਿਖਾਂ ਤੇ ਕੰਬੋਆਂ ਦੀ ਆਬਾਦੀ ਵੀ ਚੋਖੀ ਹੈ। ਏਸ ਤਸੀਲ ਵਿਚ ਪਿੰਡਾਂ ਤੋਂ ਇਲਾਵਾ ਪੰਜਾਬੀਆਂ ਦੇ ਕਈ ਪਲਾਟ, ਫਾਰਮ, ਡੇਰੇ ਆਦਿ ਵੀ ਹਨ। ਜਿੰਨ੍ਹਾਂ ਪਟੇਦਾਰਾਂ ਦਾ ਅਜਕਲ ਝਗੜਾ ਚੱਲ ਰਿਹਾ ਹੈ, ਉਹਨਾਂ ਦੀ ਵਧੇਰੇ ਵੱਸੋਂ ਵੀ ਏਸੇ ਖੇਤਰ ਵਿਚ ਹੈ।

ਏਸ ਜ਼ਿਲੇ ਵਿਚ ਪੰਜਾਬੀ ਦੀ ਹੱਦ ਕੈਥਲ—ਪਹੇਵਾ ਸੜਕ ਦੇ ਨਾਲ ਨਾਲ ਹੈ। ਇਸ ਤੋਂ ਅੱਗੇ ਜੇ ਪਹੇਵਾ ਨੂੰ ਸ਼ਾਹਬਾਦ ਮਾਰਕੰਡਾ ਨਾਲ ਮਿਲਾਉਣ ਵਾਲੀ ਲਕੀਰ ਖਿੱਚੀ ਜਾਵੇ ਤਾਂ ਇਸਦੇ ਉਤਰ ਵਲ ਦਾ ਇਲਾਕਾ ਪੰਜਾਬੀ ਬੋਲਣ ਵਾਲਾ ਹੈ। ਭਾਵੇਂ ਇਸ ਇਲਾਕਾ ਦੇ ਪੁਰਾਣੇ ਵਸਨੀਕਾਂ ਦੀ ਬੋਲੀ ਵੀ ਪੰਜਾਬੀ ਦਾ ਉਪ ਬੋਲੀ ਪੁਆਧੀ ਨਾਲ ਹੀ ਮਿਲਦੀ ਜੁਲਦੀ ਹੈ, ਫੇਰ ਵੀ ਏਥੇ ਵੀ ਪੰਜਾਬੀ ਦੀ ਹੱਦ, ਸਪਸ਼ਟ ਬਣਦੀ ਹੈ, ਵਿਗਿਆਨਕ ਨਹੀਂ। ਕਿਉਂ ਕਿ ਏਥੇ ਬਹੁ ਗਿਣਤੀ ਪੰਜਾਬੀ ਬੋਲਣ ਵਾਲੇ ਸ਼ਰਨਾਰਥੀਆਂ ਦੀ ਹੈ।

ਜ਼ਿਲਾ ਅੰਬਾਲਾ ਵਿਚ ਸ਼ਰਨਾਰਥੀਆਂ ਦੀ ਵੱਸੋਂ ਬਹੁਤ ਥੋੜੀ ਹੈ। ਫੇਰ ਵੀ ਇਸ ਜ਼ਿਲੇ ਦੇ ਪੰਜਾਬ ਨਾਲ ਲਗਦੇ ਕਾਫੀ ਇਲਾਕੇ ਵਿਚ ਪੰਜਾਬੀ ਦੀ ਉਪ ਬੋਲੀ ਪੁਆਧੀ ਬੋਲੀ ਜਾਂਦੀ ਹੈ ਥਾਣਾ ਸਦਰ ਅੰਬਾਲਾ ਪੂਰਾ, ਸਬ ਤਸੀਲ ਕਾਲਕਾ ਤੇ ਤਸੀਲ ਨਾਰਾਇਣ ਗੜ੍ਹ ਦਾ ਕੋਈ ਤੀਜਾ ਹਿੱਸਾ ਪੁਆਧੀ ਬੋਲਣ ਵਾਲਾ ਹੈ।

ਥਾਣਾ ਸਦਰ ਅੰਬਾਲਾ ਵਿਚ ਕਲਰ ਖੇੜੀ, ਜਨੇਤ ਪੁਰ, ਟੁੰਡਲਾ, ਗਰਨਾਲਾ, ਸੱਦੋ ਪੁਰ ਆਦਿ 9 ਪਿੰਡ ਜੱਟ ਸਿਖਾਂ ਦੀ ਇਕੋ ਗੋਤ ਤੁਰਕਾ ਦੇ ਹਨ। ਇਸ ਗੋਤ ਦੇ ਏਥੇ 12 ਪਿੰਡ ਹਨ, ਜਿੰਨ੍ਹਾਂ ਵਿਚੋਂ 9 ਹਰਿਆਣੇ ਵਿਚ



Sri Satguru Jagjit Singh Ji eLibrary NamdhariElibrary@gmail.com

ਹਨ ਤੇ ਤਿੰਨ ਪੰਜਾਬ ਵਿਚ। ਏਸ ਥਾਣੇ ਦੇ ਕੁਝ ਹੋਰ ਪੰਜਾਬੀ ਪਿੰਡ ਹਨ: ਸ਼ਾਹਪੁਰ, ਜਲਾਲਪੁਰ, ਕੇਸਰੀ, ਖਾਨਪੁਰ, ਪਿਪਲਾ, ਮਾਜਰੀ, ਹਸਨਪੁਰ ਆਦਿ।

ਏਥੇ ਇਹ ਦਸਣਾ ਬੇਲੋੜਾ ਨਹੀਂ ਹੋਵੇਗਾ ਕਿ ਚੰਡੀਗੜ੍ਹ ਦੇ ਚੁਫੇਰੇ ਵਸਦੇ ਪਿੰਡ ਭਾਵੇਂ ਉਹ ਅੱਜ ਪੰਜਾਬ ਵਿਚ ਹਨ, ਜਾਂ ਹਰਿਆਣੇ ਜਾਂ ਹਿਮਾਚਲ ਵਿਚ, ਸਪਸ਼ਟ ਪੰਜਾਬੀ ਬੋਲਦੇ ਹਨ। ਇਹਨਾਂ ਪਿੰਡਾਂ ਵਿਚ ਥਾਂ-ਥਾਂ ਘੁੰਮ ਕੇ ਬੋਲੀ ਦੇ ਨਮੂਨੇ ਲਏ ਗਏ ਹਨ ਤੇ ਉਹਨਾਂ ਦਾ ਵਿਗਿਆਨਿਕ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਸ ਦੇ ਆਧਾਰ ਤੇ ਇਹਨਾਂ ਪਿੰਡਾਂ ਦੀ ਬੋਲੀ ਨੂੰ ਪੰਜਾਬੀ ਤੋਂ ਬਿਨਾ ਹੋਰ ਕੁਝ ਨਹੀਂ ਮੰਨਿਆ ਜਾ ਸਕਦਾ।

# ਹਿਮਾਚਲ ਪ੍ਰਦੇਸ਼ ਤੇ ਜੰਮੂ ਵਿਚ ਪੰਜਾਬੀ ਵਾਲੇ ਇਲਾਕੇ

ਹਿਮਾਚਲ ਪ੍ਰਦੇਸ਼ ਤੇ ਜੰਮੂ ਦੀ ਬੋਲੀ ਵਿਚ ਮੈਦਾਨੀ ਇਲਾਕਿਆਂ ਦੀ ਭਾਸ਼ਾ ਵਰਗੀ ਇਕਸਾਰਤਾ ਨਹੀਂ। ਜ਼ਿਲਾ ਚੰਬਾ ਵਿਚ ਹੀ ਪੰਜ ਉਪ ਬੋਲੀਆਂ ਹਨ। ਇਵੇਂ ਹੀ ਕੁਲੂ ਵਿਚ ਕੁਝ ਫਰਕ ਵਾਲੇ ਤਿੰਨ ਇਲਾਕਾਈ ਰੂਪ ਹਨ। ਡਾ. ਗ੍ਰੀਅਰਸਨ ਨੇ ਜ਼ਿਲਾ ਕਾਂਗੜਾ ਤੇ ਪਛਮੀ ਚੰਬੇ ਦੀ ਭਾਸ਼ਾ ਨੂੰ ਡੋਗਰੀ ਦਾ ਰੂਪ ਮੰਨਿਆਂ ਹੈ, ਅਤੇ ਭਾਵੇਂ ਗ੍ਰੀਅਰਸਨ ਨੇ ਲਹਿੰਦੀ ਨੂੰ ਪੰਜਾਬੀ ਨਾਲੋਂ ਵਖਰੀ ਭਾਸ਼ਾ ਸ੍ਵੀਕਾਰ ਕੀਤਾ ਹੈ, ਪਰ ਉਹ ਡੋਗਰੀ ਨੂੰ ਪੰਜਾਬੀ ਦੀ ਉਪ ਭਾਸ਼ਾ ਹੀ ਮੰਨਦੇ ਹਨ। ਡੋਗਰੀ ਵਿਚ ਉਹਨਾਂ ਨੇ ਰਿਆਸਤ ਜੰਮੂ ਦੇ ਦਖਣੀ ਅੱਧ ਦੀ ਬੋਲੀ, ਕਾਂਗੜੀ ਤੇ ਪਛਮੀ ਚੰਬੇ ਦੀ ਭਟਿਆਲੀ ਨਾਮ ਦੀ ਬੋਲੀ ਸ਼ਾਮਿਲ ਕੀਤੀਆਂ ਹਨ।

ਜਿਥੋਂ ਤਕ ਜੰਮੂ ਦੀ ਭਾਸ਼ਾ ਦਾ ਸਵਾਲ ਹੈ, ਇਸ ਰਿਆਸਤ ਦੀ ਉਤਰੀ ਤੇ ਦਖਣੀ ਬੋਲੀ ਨੂੰ ਵਖ ਵਖ ਭਾਸ਼ਾਵਾਂ ਦੇ ਅਧੀਨ ਕਰਨਾ ਠੀਕ ਨਹੀਂ ਜਾਪਦਾ। ਉਤਰੀ ਜੰਮੂ ਦੀ ਬੋਲੀ ਦਾ ਹੇਠਲੇ ਇਲਾਕੇ ਦੀ ਬੋਲੀ ਨਾਲੋਂ ਕੁਝ



Sri Satguru Jagjit Singh Ji eLibrary NamdhariElibrary@gmail.com

ਫ਼ਰਕ ਜ਼ਰੂਰ ਹੈ। ਏਸੇ ਫਰਕ ਦੇ ਆਧਾਰ ਤੇ ਗ੍ਰੀਅਰਸਨ ਨੇ ਇਸ ਖੇਤਰ ਦੀ ਬੋਲੀ ਨੂੰ ਕਸ਼ਮੀਰੀ ਵਿਚ ਰਖਿਆ ਹੈ, ਦੱਖਣੀ ਜੰਮੂ ਦੀ ਬੋਲੀ ਨੂੰ ਪੰਜਾਬੀ ਦੀ ਉਪ ਭਾਸ਼ਾ ਡੋਗਰੀ ਮੰਨਿਆ ਹੈ, ਤੇ ਭਦਰਵਾਹੀ ਨੂੰ ਪੱਛਮੀ ਪਹਾੜੀ ਵਿਚ ਸ਼ਾਮਿਲ ਕੀਤਾ ਹੈ।

ਉਤਰੀ ਜੰਮੂ ਦੀ ਭਾਸ਼ਾ ਦੀ ਕਸ਼ਮੀਰੀ ਨਾਲ ਵਡੀ ਸਾਂਝ ਏਹੋ ਹੈ ਕਿ ਇਸ ਵਿਚ ਕਸ਼ਮੀਰੀ ਤੇ ਲਹਿੰਦੀ ਵਾਂਗ ਪੜਨਾਂਵੀਂ ਪਿਛੇਤਰਾਂ ਦੀ ਵਰਤੋਂ ਹੁੰਦੀ ਹੈ। ਪਰ ਹੋਰ ਸਾਰਾ ਵਿਆਕਰਨ ਡੋਗਰੀ ਵਾਲਾ ਹੈ। ਸ਼ਬਦਾਵਲੀ ਵਿਚ ਕੁਝ ਰਲਾ ਕਸ਼ਮੀਰੀ ਦਾ ਜ਼ਰੂਰ ਹੈ, ਪਰ ਏਹੋ ਜਿਹਾ ਰਲਾ ਭਾਸ਼ਾਵਾਂ ਦੀਆਂ ਹੱਦਾਂ ਉਤੇ ਹੋਣਾ ਸੁਭਾਵਿਕ ਹੀ ਹੈ। ਇੰਵ ਸਿਰਫ ਪੜਨਾਂਵੀਂ ਪਿਛੇਤਰਾਂ ਦੀ ਸਾਂਝ ਕਰਕੇ ਉਤਰੀ ਜੰਮੂ ਦੀ ਬੋਲੀ ਨੂੰ ਡੋਗਰੀ ਤੋਂ ਬਾਹਿਰ ਨਹੀਂ ਕਢਿਆ ਜਾ ਸਕਦਾ। ਖੁਦ ਜੰਮੂ ਵਾਲੇ ਵੀ ਪੂਰੀ ਜੰਮੂਆਲੀ ਨੂੰ ਇਕੋ ਭਾਸ਼ਾ ਡੋਗਰੀ ਹੀ ਮੰਨਦੇ ਹਨ। ਪੰਜਾਬੀ ਯੂਨੀਵਰਸਿਟੀ ਦੇ ਰਿਸਰਚ ਸਟਾਫ ਨੇ ਉਤਰੀ ਜੰਮੂਆਲੀ ਦੇ ਨਮੂਨੇ ਇਕਠੇ ਕੀਤੇ ਹਨ, ਤੇ ਇਹਨਾਂ ਦੇ ਆਧਾਰ ਤੇ ਮੰਨਣਾ ਪੈਂਦਾ ਹੈ ਕਿ ਦਖਣ ਵਿਚ ਗੁਰਦਾਸਪੁਰ, ਸਿਆਲਕੋਟ ਦੀਆਂ ਹੱਦਾਂ ਤੋਂ ਲੈ ਕੇ, ਉਤਰ ਵਿਚ ਬਾਨਿਹਾਲ ਤਕ ਡੋਗਰੀ ਹੀ ਬੋਲੀ ਜਾਂਦੀ ਹੈ। ਉਤਰੀ ਬੋਲੀਆਂ ਰਾਮਬਣੀ, ਕਿਸ਼ਤਵਾੜੀ ਆਦਿ ਉਤੇ ਕਸ਼ਮੀਰੀ ਤੇ ਉਤਰ ਪੱਛਮ ਵਿਚ ਭਰਦਵਾਹੀ ਉਤੇ ਚੰਬਿਆਲੀ ਦਾ ਪ੍ਰਭਾਵ ਜ਼ਰੂਰ ਹੈ, ਪਰ ਮੂਲ ਰੂਪ ਡੋਗਰੀ ਹੀ ਰਹਿੰਦਾ ਹੈ।

ਡੋਗਰੀ ਦੇ ਪੱਛਮ ਵਿਚ ਦਰਿਆ ਝਨਾ ਤੋਂ ਪਾਰ ਪੁਣਛੀ ਦਾ ਖੇਤਰ ਆਰੰਭ ਹੋ ਜਾਂਦਾ ਹੈ। ਪੁਣਛੀ ਨੂੰ ਗ੍ਰੀਅਰਸਨ ਨੇ ਲਹਿੰਦੀ ਦਾ ਇਕ ਰੂਪ ਮੰਨਿਆਂ ਹੈ। ਪੁਣਛੀ ਵਿਚ ਲਹਿੰਦੀ ਵਾਲੇ ਕੁਝ ਅੰਸ਼ ਜ਼ਰੂਰ ਹਨ ਪਰ ਇਸ ਨੂੰ ਪੰਜਾਬੀ ਦੀ ਇਕ ਵਖਰੀ ਪਹਾੜੀ ਉਪ ਬੋਲੀ ਮੰਨਣਾ ਵਧੇਰੇ ਠੀਕ ਹੈ।

ਜਿਥੋਂ ਤਕ ਹਿਮਾਚਲ ਦਾ ਸਵਾਲ ਹੈ, ਇਸ ਦੇ ਪੂਰੇ ਜ਼ਿਲਾ ਕਾਂਗੜਾ ਤੇ ਕੋਈ ਤੀਜਾ ਹਿੱਸਾ ਜ਼ਿਲਾ ਚੰਬਾ ਦੀ ਬੋਲੀ ਪੰਜਾਬੀ ਹੈ, ਕੀ ਇਹ ਡੋਗਰੀ ਹੈ ਜਾਂ ਉਸ ਨਾਲੋਂ ਵਖਰੀ ਉਪ ਭਾਸ਼ਾ ਹੈ, ਇਸ ਬਾਰੇ ਵਿਚਾਰ ਕਰਨ ਦਾ ਏਥੇ ਅਵਸਰ ਨਹੀਂ।

ਗ੍ਰੀਅਰਸਨ ਨੇ ਜ਼ਿਲਾ ਚੰਬਾ ਦੇ ਡਲਹੌਜ਼ੀ ਤਕ ਦੇ ਇਲਾਕੇ ਨੂੰ



Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਖੇਤਰ ਵਿਚ ਸ਼ਾਮਲ ਕੀਤਾ ਹੈ। ਡਲਹੌਜ਼ੀ ਮੌਜੂਦਾ ਪੰਜਾਬ ਦੀ ਹੱਦ ਤੋਂ ਕਾਂ ਉਡਾਰੀ ਕੋਈ 18 ਮੀਲ ਉੱਤਰ ਵਲ ਨੂੰ ਹੈ। ਇਸ ਵਿਚ ਸ਼ੱਕ ਨਹੀਂ ਕਿ ਡਲਹੌਜ਼ੀ ਸ਼ਹਿਰ ਦੀ ਬੋਲੀ ਠੇਠ ਪੰਜਾਬੀ ਹੈ। ਪਰ ਚੁਗਿਰਦੇ ਦੇ ਪਿੰਡਾਂ ਦੀ ਭਾਸ਼ਾ ਪੰਜਾਬੀ ਦੇ ਤਾਣੇ ਬਾਣੇ ਵਾਲੀ ਹੁੰਦਿਆਂ ਹੋਇਆਂ ਵੀ ਮੈਦਾਨੀ ਇਲਾਕੇ ਦੇ ਪੰਜਾਬੀਆਂ ਲਈ ਸਮਝਣੀ ਔਖੀ ਹੈ। ਇਸ ਖੇਤਰ ਦੀ ਬੋਲੀ ਦਾ ਪੰਜਾਬੀ ਨਾਲੋਂ ਇਕ ਵੱਡਾ ਫ਼ਰਕ ਇਹ ਹੈ ਕਿ ਇਸ ਵਿਚ ਭਵਿਖਤ ਦੀ ਕਿਰਿਆ 'ਗ' ਦੀ ਬਜਾਏ 'ਲ' ਦੀ ਧੁਨੀ ਨਾਲ ਬਣਦੀ ਹੈ। ਪਰ ਭਟਿਆਲੀ ਦਾ ਭਵਿਖਤ ਪੰਜਾਬੀ ਵਾਂਗ 'ਗ' ਨਾਲ ਹੀ ਬਣਦਾ ਹੈ।

ਜ਼ਿਲਾ ਚੰਬਾ ਦੀਆਂ ਪੰਜ ਤਸੀਲਾਂ ਹਨ—ਭਟਿਆਲ, ਚੰਬਾ, ਭਰਮੌਰ, ਚੁਰਾਹ, ਪਾਂਗੀ। ਇਹਨਾਂ ਵਿਚੋਂ ਭਟਿਆਲ ਦੀ ਬੋਲੀ ਪ੍ਰਤਖ ਪੰਜਾਬੀ ਹੈ। ਭਰਮੌਰ, ਚੁਰਾਹ ਤੇ ਪਾਂਗੀ ਦੀ ਬੋਲੀ ਨੂੰ ਪੰਜਾਬੀ ਨਾਲੋਂ ਵਖਰੀ ਮੰਨਣਾ ਪਏਗਾ। ਤਸੀਲ ਚੰਬਾ ਵਿਚ ਪੰਜਾਬੀ ਦਾ ਪ੍ਰਭਾਵ ਕਿਥੋਂ ਤਕ ਹੈ ਤੇ ਕਿੰਨਾ ਹੈ, ਇਸ ਬਾਰੇ ਵਧੇਰੀ ਖੋਜ ਦੀ ਲੋੜ ਹੈ। ਅਸੀਂ ਅਜੇ ਚੰਬੇ ਦੀ ਭਾਸ਼ਾ ਦੇ ਨਮੂਨੇ ਇਕੱਤਰ ਨਹੀਂ ਕਰ ਸਕੇ।

ਮੰਡੀ ਦੀ ਭਾਸ਼ਾ ਦਾ ਕਾਂਗੜੀ ਨਾਲੋਂ ਕੋਈ ਵਜ਼ਨੀ ਫ਼ਰਕ ਨਹੀਂ। ਕਾਂਗੜੀ ਵਾਂਗ ਇਹ ਵੀ ਪੰਜਾਬੀ ਹੀ ਹੈ। ਕਹਿਲੂਰ, ਬਿਲਾਸਪੁਰ, ਨਾਲਾਗੜ੍ਹ ਦੇ ਇਲਾਕਿਆਂ ਦੀ ਭਾਸ਼ਾ ਵੀ ਨਿਰਸੰਦੇਹ ਪੰਜਾਬੀ ਹੈ। ਸ਼ਿਮਲੇ ਨੂੰ ਪੰਜਾਬੀ ਖੇਤਰ 'ਚੋਂ ਬਾਹਰ ਕੱਢਣਾ ਵਿਗਿਆਨਕ ਪੱਖ ਤੋਂ ਸੰਭਵ ਨਹੀਂ। ਪਰ ਇਸ ਤੋਂ ਅਗੇਰੇ ਉੱਤਰ ਤੇ ਉੱਤਰ ਪੂਰਬ ਵਲ ਦੇ ਇਲਾਕੇ ਬਾਰੇ ਖੋਜ ਕਰਨੀ ਬਾਕੀ ਹੈ।

ਪੁਛਿਆ ਜਾ ਸਕਦਾ ਹੈ ਕਿ ਜੰਮੂ ਤੇ ਹਿਮਾਚਲ ਦੇ ਇਹਨਾਂ ਇਲਾਕਿਆਂ ਦੀ ਬੋਲੀ ਨੂੰ ਅਸੀਂ ਕਿਸ ਆਧਾਰ ਤੇ ਪੰਜਾਬੀ ਵਿਚ ਸ਼ਾਮਿਲ ਕਰਦੇ ਹਾਂ। ਇਸ ਲੇਖ ਦੇ ਆਰੰਭ ਵਿਚ ਪੰਜਾਬੀ ਦੇ ਕੁਝ ਉਘੇ ਲੱਛਣ ਦੱਸੇ ਗਏ ਸਨ। ਇਹਨਾਂ ਸਾਰਿਆਂ ਖੇਤਰਾਂ ਦੀ ਭਾਸ਼ਾ ਵਿਚ ਇਹ ਸਾਰੇ ਲੱਛਣ ਜਾਂ ਇਹਨਾਂ ਵਿਚੋਂ ਬਹੁਤੇ ਮੌਜੂਦ ਹਨ, ਇਸ ਲਈ ਅਸੀਂ ਇਹਨਾਂ ਬੋਲੀਆਂ ਨੂੰ ਪੰਜਾਬੀ ਦੀਆਂ ਉਪ ਬੋਲੀਆਂ ਸਵੀਕਾਰ ਕਰਦੇ ਹਾਂ। ਵਖ-ਵਖ ਬੋਲੀਆਂ ਵਿਚ ਪੰਜਾਬੀ



Sri Satguru Jagjit Singh Ji eLibrary NamdhariElibrary@gmail.com

ਵਾਲ ਹੋਰ ਬਥੇਰੇ ਲੱਛਣ ਵੀ ਮਿਲਦੇ ਹਨ । ਸਾਰਿਆਂ ਦੇ ਵਿਸਤਾਰ ਵਿਚ ਜਾਣਾ ਸੰਭਵ ਨਹੀਂ ।

1. ਸੁਰ ਦੀ ਵਰਤੋਂ ਪਹਾੜੀ ਖੇਤਰਾਂ ਦੀ ਬੋਲੀ ਵਿਚ ਖ਼ਾਸ ਕਰ ਜੰਮੂ ਦੀ ਬੋਲੀ ਵਿਚ, ਮਾਝੀ ਨਾਲੋਂ ਵੀ ਵਧੇਰੇ ਹੈ।
2. ਅਸੀਂ ਤੁਸੀਂ ਦਾ ਕੋਈ 'ਸ' ਵਾਲਾ ਰੂਪ ਸਾਰੀਆਂ ਬੋਲੀਆਂ ਵਿਚ ਮਿਲਦਾ ਹੈ। ਜਮੂਆਲੀ ਵਿਚ 'ਅਸ ਤੇ ਅਸੇਂ', 'ਤੁਸ ਤੇ ਤੁਸੇਂ'; ਕਾਂਗੜੀ ਵਿਚ 'ਅੱਸਾਂ, ਤੁੱਸਾਂ', ਭਟਿਆਲੀ ਵਿਚ 'ਅਸਾਂ-ਅਸੀਂ, ਤੁਸਾਂ ਤੁਸੀਂ' ਆਦਿ ।
3. ਸਬੰਧ ਕਾਰਕ ਦਾ ਸਬੰਧਕ ਹਰ ਥਾਂ 'ਦਾ, ਦੀ' ਆਦਿ ਹੀ ਹੈ।
4. ਵਰਤਮਾਨ ਕਿਰਦੰਤ ਹਰ ਬੋਲੀ ਵਿਚ 'ਦ' ਵਾਲਾ ਹੈ ਤੇ ਭੂਤ ਕਿਰਦੰਤ- – ਇਆ – ਅੰਤਿਕ ।
5. 'ਣ' ਦੀ ਧੁਨੀ ਦੀ ਬਹੁਲਤਾ ਸਾਰੀਆਂ ਬੋਲੀਆਂ ਵਿਚ ਹੈ।
6. 'ਹੱਥ, ਕੰਮ, ਅੱਖ, ਵਿਚ, ਘੁੱਟ' ਆਦਿ ਸ਼ਬਦਾਂ ਵਾਲਾ ਰੂਪ ਪਿਛੇ ਬਿਆਨ ਕੀਤੀਆਂ ਗਈਆਂ ਸਾਰੀਆਂ ਪਹਾੜੀ ਬੋਲੀਆਂ ਵਿਚ ਇਵੇਂ ਮਿਲਦਾ ਹੈ।

ਜਿੱਦਾਂਕਿ ਪਿਛੇ ਦਸਿਆ ਗਿਆ ਹੈ, ਇਹਨਾਂ ਬੋਲੀਆਂ ਵਿਚ ਪੰਜਾਬੀ ਵਾਲੇ ਹੋਰ ਵੀ ਅਨੇਕਾਂ ਲੱਛਣ ਹਨ । ਅਸਲ ਵਿਚ ਇਹਨਾਂ ਬੋਲੀਆਂ ਵਿਚ ਏਨੇ ਵਧੇਰੇ ਗੁਣ ਪੰਜਾਬੀ ਵਾਲੇ ਹਨ ਕਿ ਇਹਨਾਂ ਨੂੰ ਵਿਗਿਆਨਕ ਆਧਾਰਾਂ ਤੇ ਪੰਜਾਬੀ ਨਾਲੋਂ ਵਖਰਾ ਗਿਣਨਾ ਲਗ-ਪਗ ਅਸੰਭਵ ਹੈ।

# ਤਸੀਲ ਫਾਜ਼ਿਲਕਾ ਦੀ ਬੋਲੀ

ਤਸੀਲ ਫਾਜ਼ਿਲਕਾ ਦੀ ਭਾਸ਼ਾਈ ਸਥਿਤੀ ਬਾਰੇ ਏਥੇ ਕੁਝ ਕਹਿਣਾ ਬੇਲੋੜਾ ਨਹੀਂ ਹੋਵੇਗਾ। ਇਸ ਤਸੀਲ ਵਿਚ ਕੁਝ ਪਿੰਡ ਅਜੇਹੇ ਜ਼ਰੂਰ ਹਨ ਜਿਨਾਂ ਦੀ ਬੋਲੀ ਬਾਗੜੀ ਹੈ। ਸੱਚ ਤਾਂ ਇਹ ਹੈ ਕਿ ਇਹਨਾਂ ਪਿੰਡਾਂ ਦੇ ਵਸਨੀਕ ਦੁਭਾਸ਼ੀਏ ਹਨ। ਕਿਉਂਕਿ ਜਦੋਂ ਅਸੀਂ ਇਹਨਾਂ ਵਿਚੋਂ ਕਿਸੇ ਪਿੰਡ ਦੀ ਬੋਲੀ ਦੇ ਨਮੂਨੇ



Sri Satguru Jagjit Singh Ji eLibrary NamdhariElibrary@gmail.com

ਲੈਣ ਲਈ ਗਏ, ਪਿੰਡ ਦੇ ਵਸਨੀਕਾਂ ਨੇ ਸਾਡੇ ਨਾਲ ਠੇਠ ਪੰਜਾਬੀ ਵਿਚ ਤੇ ਖਾਲਿਸ ਪੰਜਾਬੀ ਲਹਿਜੇ ਵਿਚ ਗਲ ਬਾਤ ਕੀਤੀ। ਜਦੋਂ ਉਹਨਾਂ ਤੋਂ ਪੁਛਿਆ ਗਿਆ ਕਿ ਕੀ ਤੁਸੀਂ ਘਰ ਵਿਚ ਵੀ ਪੰਜਾਬੀ ਬੋਲਦੇ ਹੋ, ਤਾਂ ਉਹਨਾਂ ਦਸਿਆ ਕਿ ਅਸੀਂ ਘਰਾਂ ਵਿਚ ਬਾਗੜੀ ਬੋਲਦੇ ਹਾਂ। ਜਦੋਂ ਅਸਾਂ ਉਹਨਾਂ ਨੂੰ ਬਾਗੜੀ ਵਿਚ ਗੱਲ ਬਾਤ ਕਰਨ ਲਈ ਕਿਹਾ ਤਾਂ ਉਹਨਾਂ ਦੀ ਬਾਗੜੀ ਵੀ ਪੰਜਾਬੀ ਤੋਂ ਬਹੁਤ ਕੁਝ ਪ੍ਰਭਾਵਿਤ ਜਾਪੀ।

ਤਸੀਲ ਫਾਜ਼ਿਲਕਾ ਦੇ ਕੁਲ 5 ਬਲਾਕ ਹਨ, ਜਿੰਨਾਂ ਵਿਚੋਂ ਬਲਾਕ ਅਬੋਹਰ, ਖੂਹੀਆਂ ਸਰਵਰ ਤੇ ਫਾਜ਼ਿਲਕਾ ਦੇ ਪਿੰਡ ਹਰਿਆਣਾ ਨੂੰ ਦਿਤੇ ਜਾ ਰਹੇ ਹਨ। ਕਿਉਂਕਿ ਇਹਨਾਂ ਪਿੰਡਾਂ ਦੀ ਲਿਸਟ ਅਜੇ ਸਾਡੇ ਤਕ ਨਹੀਂ ਪੁਜੀ ਇਸ ਲਈ ਠੀਕ ਠੀਕ ਵੇਰਵਾ ਦੇਣਾ ਸੰਭਵ ਨਹੀਂ। ਪਰ ਇਹਨਾਂ ਤਿੰਨਾਂ ਬਾਲਾਕਾਂ ਦੇ ਸਾਰੇ ਪਿੰਡਾਂ ਦੀ ਭਾਸ਼ਾ ਸਬੰਧੀ ਸਥਿਤੀ ਇੰਞ ਹੈ:

| ਬਲਾਕ | ਕੁਲ ਪਿੰ | ਪੰਜਾਬੀਡ | ਬਾਗੜੀ | ਮਿਲਵੀਂ ਵਸੋਂ ਵਾਲੇ |
|---|---|---|---|---|
| ... | ... | ਪਿੰਡ | ਪਿੰਡ | ਪਿੰਡ |
| ਫਾਜ਼ਿਲਕਾ | 81 | 69 | 5 | 3 |
| ਖੂਹੀਆਂ ਸਰਵਰ | 52 | 30 | 22 | — |
| ਅਬੋਹਰ | 46 | 24 | 22 | — |
| ਜੋੜ | 179 | 123 | 53 | 3 |

ਪਰ 1961 ਦੀ ਮਰਦਮ ਸ਼ੁਮਾਰੀ ਵਿਚ ਹਿੰਦੂਆਂ ਨੇ ਆਪਣੀ ਬੋਲੀ ਹਿੰਦੀ ਲਿਖਵਾਈ ਸੀ, ਇਸ ਕਰਕੇ ਪੰਜਾਬੀ ਬੋਲਣ ਵਾਲੇ ਹਿੰਦੂਆਂ ਦੇ ਪਿੰਡਾਂ ਦੀ ਬੋਲੀ ਵੀ ਹਿੰਦੀ ਲਿਖੀ ਹੋਈ ਹੈ। ਅਬੋਹਰ ਤੇ ਫਾਜ਼ਿਲਕਾ ਸ਼ਹਿਰਾਂ ਦੀ ਬੋਲੀ ਪੰਜਾਬੀ ਹੈ। ਪਰ ਏਥੇ ਹਿੰਦੂਆਂ ਦੀ ਭਾਰੀ ਬਹੁ ਗਿਣਤੀ ਹੋਣ ਕਰਕੇ ਸ਼ਹਿਰਾਂ ਦੀ ਵੱਸੋਂ ਨੇ ਪੂਰੀ ਤਸੀਲ ਦੇ ਭਾਸ਼ਾ ਸਬੰਧੀ ਅੰਕੜਿਆਂ ਨੂੰ ਪ੍ਰਭਾਵਿਤ ਕੀਤਾ ਹੈ।

ਪਰ ਵਿਗਿਆਨਿਕ ਪਰਖ ਦੇ ਆਧਾਰ ਤੇ ਇਸ ਤਸੀਲ ਦੀ 70% ਤੋਂ ਵਧੇਰੇ ਆਬਾਦੀ ਦੀ ਬੋਲੀ ਪੰਜਾਬੀ ਹੈ, 30% ਤੋਂ ਕੁਝ ਘੱਟ ਵਸਨੀਕ



Sri Satguru Jagjit Singh Ji eLibrary NamdhariElibrary@gmail.com

ਦੁਭਾਸ਼ੀਏ ਹਨ, ਜਿਨ੍ਹਾਂ ਦੀ ਮਾਤ ਭਾਸ਼ਾ ਬਾਗੜੀ, ਥਾਂਗਰੂ ਜਾਂ ਕੁਝ ਹੋਰ ਮੰਨੀ ਜਾ ਸਕਦੀ ਹੈ ।

ਤਸੀਲ ਫਾਜ਼ਿਲਕਾ ਦੇ ਦਖਣ ਵਿਚ ਰਾਜਿਸਥਾਨ ਦੇ ਇਲਾਕਾ ਗੰਗਾ ਨਗਰ ਵਿਚ ਵੀ ਪੰਜਾਬੀ ਬੋਲਣ ਵਾਲਾ ਖੇਤਰ ਹੈ । ਇਸ ਇਲਾਕੇ ਵਿਚ ਕਈ ਪਿੰਡ ਤਾਂ ਪੁਰਾਣੇ ਵਸਨੀਕਾਂ ਦੇ ਹਨ ਜਿਹੜੇ ਲਹਿੰਦੀ ਤੇ ਰਾਜਿਸਥਾਨੀ ਦੇ ਕੁਝ ਰਲੇ ਵਾਲੀ ਮਲਵਈ ਬੋਲਦੇ ਹਨ । ਪਰ ਵਧੇਰੇ ਵੱਸੋਂ ਨਵੇਂ ਆਬਾਦ ਕਾਰਾਂ ਦੀ ਹੈ ਜੋ ਗੰਗਾ ਨਹਿਰ ਨਿਕਲਣ ਪਿਛੋਂ ਜਾ ਕੇ ਏਥੋਂ ਵੱਸੇ ਸਨ । ਇਸ ਇਲਾਕੇ ਬਾਰੇ ਵੀ ਅਜੇ ਭਾਸ਼ਾਈ ਖੋਜ ਕਰਨੀ ਬਾਕੀ ਹੈ ।

ਇਹ ਹੈ ਭਾਰਤ ਵਿਚ ਪੰਜਾਬੀ ਬੋਲਣ ਵਾਲੇ ਇਲਾਕਿਆਂ ਦਾ ਮੋਟਾ ਵੇਰਵਾ । ਇਹ ਦੱਸਣ ਦੀ ਲੋੜ ਨਹੀਂ ਜਾਪਦੀ ਕਿ ਮੌਜੂਦਾ ਪੰਜਾਬ ਵਿਚ ਹਰ ਥਾਂ ਪੰਜਾਬੀ ਹੀ ਬੋਲੀ ਜਾਂਦੀ ਹੈ । ਏਥੇ ਕੇਵਲ ਪੰਜਾਬ ਤੋਂ ਬਾਹਿਰ ਦੇ ਇਲਾਕਿਆਂ ਬਾਰੇ ਵਿਚਾਰ ਕੀਤੀ ਗਈ ਹੈ ।

ਪਾਕਿਸਤਾਨ ਵਿਚ ਵੀ ਪੰਜਾਬੀ ਬੋਲਣ ਵਾਲੇ ਇਲਾਕੇ ਦਾ ਵਿਸਤਾਰ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੈ, ਪਰ ਇਸ ਦਾ ਠੀਕ ਠੀਕ ਵੇਰਵਾ ਦੇਣਾ ਸੰਭਵ ਨਹੀਂ ।

ਹਰਕੀਰਤ ਸਿੰਘ



Sri Satguru Jagjit Singh Ji eLibrary NamdhariElibrary@gmail.com

ਗੁਰਚਰਨ ਸਿੰਘ ਸਹਿੰਸਰਾ, ਕਨਵੀਨਰ, ਸਤਵੀਂ ਪੰਜਾਬੀ
ਭਾਸ਼ਾ ਕਨਵੈਨਸ਼ਨ, ਅੰਮ੍ਰਿਤਸਰ ਵਲੋਂ, ਪ੍ਰਭਜੋਤ ਪ੍ਰਿੰਟਿੰਗ ਪ੍ਰੈਸ,
ਬਹਾਦਰ ਨਗਰ, ਦੁਆਰਾ ਛਪਵਾ ਕੇ ਪ੍ਰਕਾਸ਼ਿਤ ਕੀਤਾ ਗਿਆ।

Sri Satguru Jagjit Singh Ji eLibrary NamdhariElibrary@gmail.com